"ਸੰਗਮਯੁਗ ਦੀਆਂ ਪ੍ਰਾਪਤੀਆਂ ਦੀ ਪ੍ਰਾਲਬਧ ਦਾ ਅਨੁਭਵ ਕਰੋ, ਮਾਸਟਰ ਦਾਤਾ, ਮਹਾ ਸਹਿਯੋਗੀ ਬਣੋ"

ਅੱਜ ਭਾਗਵਿਧਾਤਾ ਬਾਪ ਆਪਣੇ ਸ਼੍ਰੇਸ਼ਠ ਭਾਗਵਾਨ ਬੱਚਿਆਂ ਨੂੰ ਦੇਖ ਰਹੇ ਹਨ। ਹਰ ਇੱਕ ਬੱਚੇ ਦੇ ਭਾਗ ਦੀਆਂ ਰੇਖਾਵਾਂ ਦੇਖ - ਦੇਖ ਭਾਗ ਵਿਧਾਤਾ ਬਾਪ ਵੀ ਹਰਸ਼ਿਤ ਹੁੰਦੇ ਹਨ ਕਿਉਂਕਿ ਸਾਰੇ ਕਲਪ ਵਿੱਚ ਚੱਕਰ ਲਗਾਓ ਤਾਂ ਤੁਹਾਡੇ ਵਰਗਾ ਸ਼੍ਰੇਸ਼ਠ ਭਾਗ ਧਰਮ ਆਤਮਾ, ਮਹਾਨ ਆਤਮਾ, ਰਾਜ ਅਧਿਕਾਰੀ ਆਤਮਾ, ਕਿਸੇ ਦਾ ਵੀ ਅਜਿਹਾ ਭਾਗ ਨਹੀਂ ਹੈ, ਜਿਨਾਂ ਤੁਸੀਂ ਸੰਗਮਯੁਗੀ ਸ਼੍ਰੇਸ਼ਠ ਆਤਮਾਵਾਂ ਦਾ ਹੈ। ਮਸਤੱਕ ਤੋਂ ਆਪਣੇ ਭਾਗ ਦੀਆਂ ਰੇਖਾਵਾਂ ਨੂੰ ਦੇਖਦੇ ਹੋ? ਬਾਪਦਾਦਾ ਹਰ ਇੱਕ ਬੱਚੇ ਦੇ ਮਸਤੱਕ ਵਿੱਚ ਚਮਕਦੀ ਹੋਈ ਜਯੋਤੀ ਦੀ ਸ਼੍ਰੇਸ਼ਠ ਰੇਖਾ ਦੇਖ ਰਹੇ ਹਨ। ਤੁਸੀਂ ਸਭ ਵੀ ਆਪਣੀ ਰੇਖਾਵਾਂ ਦੇਖ ਰਹੇ ਹੋ? ਨੈਣਾਂ ਵਿੱਚ ਦੇਖੋ ਤਾਂ ਸਨੇਹ ਅਤੇ ਸ਼ਕਤੀ ਦੀਆਂ ਰੇਖਾਵਾਂ ਸਾਫ਼ ਹਨ। ਮੁਖ ਵਿੱਚ ਦੇਖੋ ਮਧੁਰ ਸ਼੍ਰੇਸ਼ਠ ਵਾਣੀ ਦੀਆਂ ਰੇਖਾਵਾਂ ਚਮਕ ਰਹੀਆਂ ਹਨ। ਹੋਠਾਂ ਵਿੱਚ ਦੇਖੋ ਰੂਹਾਨੀ ਮੁਸਕਾਨ, ਰੂਹਾਨੀ ਖੁਸ਼ੀ ਦੀ ਝਲਕ ਦੀ ਰੇਖਾ ਦਿਖਾਈ ਦੇ ਰਹੀ ਹੈ। ਹਿਰਦੇ ਵਿੱਚ ਦੇਖੋ ਅਤੇ ਦਿਲ ਵਿੱਚ ਦੇਖੋ ਤਾਂ ਦਿਲਾਰਾਮ ਦੇ ਲਵ ਵਿੱਚ ਲਵਲੀਨ ਰਹਿਣ ਦੀ ਰੇਖਾ ਸਾਫ਼ ਹੈ। ਹੱਥਾਂ ਵਿੱਚ ਦੇਖੋ ਦੋਵੇਂ ਹੀ ਹੱਥ ਸਰਵ ਖਜਾਨਿਆਂ ਨਾਲ ਸੰਪੰਨ ਹੋਣ ਦੀ ਰੇਖਾ ਦੇਖੋ, ਪੈਰਾਂ ਵਿੱਚ ਦੇਖੋ ਹਰ ਕਦਮ ਵਿੱਚ ਪਦਮ ਦੀ ਪ੍ਰਾਪਤੀ ਦੀ ਰੇਖਾ ਸਾਫ਼ ਹੈ। ਕਿੰਨਾ ਵੱਡਾ ਭਾਗ ਹੈ!

ਭਾਗਵਿਧਾਤਾ ਬਾਪ ਨੇ ਹਰ ਬੱਚੇ ਨੂੰ ਪੁਰਸ਼ਾਰਥ ਨਾਲ, ਸ਼੍ਰੇਸ਼ਠ ਕਰਮਾਂ ਦੀ ਕਲਮ ਨਾਲ ਇਹ ਸਭ ਰੇਖਾਵਾਂ ਖਿੱਚਣ ਦੀ ਖੁੱਲ੍ਹੀ ਦਿਲ ਨਾਲ, ਖੁੱਲੀ ਛੁੱਟੀ ਦੇ ਦਿੱਤੀ ਹੈ। ਜਿੰਨੀ ਲਕੀਰ ਲੰਬੀ ਖਿੱਚਣਾ ਚਾਹੋ ਉਤਨੀ ਲੰਬੀ ਖਿੱਚ ਸਕਦੇ ਹੋ, ਪਰ ਸਮੇਂ ਦੇ ਅੰਦਰ। ਜਿਸਨੂੰ ਜਿੰਨੀ ਲੰਬੀ ਲਕੀਰ ਖਿੱਚਣੀ ਹੈ ਉਹ ਖੁਦ ਹੀ ਖਿੱਚ ਸਕਦੇ ਹੋ, ਬਾਪ ਨੇ ਕਲਮ ਤੁਹਾਡੇ ਹੱਥ ਵਿੱਚ ਦਿੱਤੀ ਹੈ। ਤਾਂ ਉਹ ਲਕੀਰ ਖਿੱਚਣੀ ਆਉਂਦੀ ਹੈ? ਖਿੱਚੀ ਹੈ ਜਾਂ ਖਿੱਚਣੀ ਆਉਂਦੀ ਹੈ? ਸਭ ਨੂੰ ਆਉਂਦੀ ਹੈ? (ਹਾਂ ਜੀ) ਬਹੁਤ ਚੰਗਾ। ਦੇਖੋ, ਹੁਣ ਦੇ ਭਾਗ ਦੀ ਲਕੀਰ ਤੁਹਾਨੂੰ ਸਾਰੇ ਕਲਪ ਵਿੱਚ ਵੀ ਸ਼੍ਰੇਸ਼ਠ ਬਣਾਉਂਦੀ ਹੈ, 21 ਜਨਮ ਤਾਂ ਸਦਾ ਸੰਪੰਨ ਅਤੇ ਸੁਖੀ ਰਹਿਣ ਦੀ ਰੇਖਾ ਚਲਦੀ ਹੀ ਹੈ ਅਤੇ ਦਵਾਪਰ, ਕਲਿਯੁਗ ਇਚ ਵੀ ਤੁਹਾਡੇ ਪੂਜਯ ਬਣਨ ਦੀ ਰੇਖਾ ਸ਼੍ਰੇਸ਼ਠ ਰਹਿੰਦੀ ਹੈ। ਤਾਂ ਇਸ ਸਮੇਂ ਦੇ ਭਾਗ ਦੀ ਰੇਖਾ ਸਾਰਾ ਕਲਪ ਸਦਾ ਨਾਲ ਚਲਦੀ ਹੈ ਕਿਉਂਕਿ ਅਵਿਨਾਸ਼ੀ ਬਾਪ ਦੀ ਅਵਿਨਾਸ਼ੀ ਰੇਖਾ ਹੈ। ਤਾਂ ਸਦਾ ਸ਼੍ਰੇਸ਼ਠ ਭਾਗ ਦੀ ਰੇਖਾ ਸਮ੍ਰਿਤੀ ਵਿੱਚ ਰਹਿੰਦੀ ਹੈ? ਰਹਿੰਦੀ ਤਾਂ ਹੈ ਪਰ ਕਦੀ ਇਮਰਜ਼ ਰਹਿੰਦੀ ਹੈ, ਕਦੇ ਮਰਜ ਰਹਿੰਦੀ ਹੈ ਜਾਂ ਸਦਾ ਹੀ ਇਮਰਜ ਰਹਿੰਦੀ ਹੈ? ਇਸ ਵਿੱਚ ਘਟ ਹੱਥ ਉਠਾ ਰਹੇ ਹਨ। ਦੇਖਨਾ, ਸਦਾ ਇਮਰਜ਼ ਰਹੇ। ਇਮਰਾਜ ਰਹਿਣ ਦੀ ਨਿਸ਼ਾਨੀ ਹੈ ਕਿ ਪੁਰਾਣੀ ਸਮ੍ਰਿਤੀਆਂ ਪੁਰਾਣੇ ਸੰਸਕਾਰ ਦੀ ਰੇਖਾਵਾਂ ਮਰਜ ਹੋ ਜਾਂਦੀਆਂ ਹਨ। ਕਦੀ ਵੀ ਪੁਰਾਣੇ ਸੰਸਕਾਰਾਂ ਦੀਆ ਰੇਖਾਵਾਂ ਅਤੇ ਪੁਰਾਣੀਆਂ ਗੱਲਾਂ ਦੀਆਂ ਸਮ੍ਰਿਤੀ ਦੀਆਂ ਰੇਖਾਵਾਂ ਇਮਰਜ਼ ਨਹੀਂ ਹੋਣ। ਮਰਜ਼ ਹੋਣ। ਅਤੇ ਮਰਜ ਰਹਿੰਦੇ - ਰਹਿੰਦੇ ਸਮਾਪਤ ਹੋ ਜਾਣ। ਜਿੱਥੇ ਸ਼੍ਰੇਸ਼ਠ ਭਾਗ ਦੀਆਂ ਰੇਖਾਵਾਂ ਇਮਰਜ਼ ਹਨ, ਉੱਥੇ ਪੁਰਾਣੀਆਂ ਰੇਖਾਵਾਂ ਇਮਰਜ਼ ਹੋਣਾ ਅਸੰਭਵ ਹੈ। ਜੇਕਰ ਹੁੰਦੀਆਂ ਹਨ ਤਾਂ ਸਿੱਧ ਹੁੰਦਾ ਹੈ ਕਿ ਸ਼੍ਰੇਸ਼ਠ ਭਾਗ ਦੀ ਰੇਖਾ ਸਦਾ ਇਮਰਜ਼ ਨਹੀਂ ਰਹਿੰਦੀ। ਤਾਂ ਕੀ ਸਮਝਦੇ ਹੋ? ਇੰਨੇ ਸ਼੍ਰੇਸ਼ਠ ਭਾਗ ਦੀਆਂ ਰੇਖਾਵਾਂ ਇਮਰਜ਼ ਹੋਣੀਆਂ ਚਾਹੀਦੀਆਂ ਹਨ ਜਾਂ ਮਰਜ਼?

ਬਾਪਦਾਦਾ ਵਰਤਮਾਨ ਸਮੇਂ ਸਭ ਬੱਚਿਆਂ ਨੂੰ ਵਰਤਮਾਨ ਸੰਗਮਯੁਗ ਦੀਆਂ ਪ੍ਰਾਪਤੀਆਂ ਦੇ ਪ੍ਰਾਲਬੱਧ ਰੂਪ ਵਿੱਚ ਦੇਖਣਾ ਚਾਹੁੰਦੇ ਹਨ। ਪੁਰਸ਼ਾਰਥ ਬਹੁਤ ਸਮੇਂ ਕੀਤਾ, ਹੁਣ ਪੁਰਸ਼ਾਰਥ ਖੁਦ ਚੱਲੇ, ਮਿਹਨਤ ਵਾਲਾ ਪੁਰਸ਼ਾਰਥ ਨਹੀਂ। ਕੀ ਅੰਤ ਤੱਕ ਮਿਹਨਤ ਕਰਦੇ ਰਹੋਗੇ? ਸੰਗਮਯੁਗ ਦੀਆਂ ਪ੍ਰਾਪਤੀਆਂ ਦੀ ਪ੍ਰਾਲਬੱਧ ਦਾ ਅਨੁਭਵ ਹੁਣ ਨਹੀਂ ਕਰੋਗੇ ਤਾਂ ਕਦੋਂ ਕਰੋਗੇ! ਭਵਿੱਖ ਦੀ ਪ੍ਰਾਲਬੱਧ ਵੱਖ ਚੀਜ਼ ਹੈ। ਉਹ ਤਾਂ ਤੁਹਾਡੀ ਇਸ ਪੁਰਸ਼ਾਰਥ ਦੇ ਪ੍ਰਾਲਬਧ ਦੀ ਪਰਛਾਈ ਹੈ। ਉਹ ਤਾਂ ਤੁਹਾਡੇ ਪਿੱਛੇ - ਪਿੱਛੇ ਆਪੇਹੀ ਆਏਗੀ। ਪਰ ਵਿਸ਼ੇਸ਼ ਗੱਲ ਹੈ ਇਸ ਸਮੇਂ ਦੀ ਪ੍ਰਾਲਬਧ ਪ੍ਰਾਪਤ ਕਰਨ ਦੀ। ਇਵੇਂ ਨਹੀਂ - ਕੋਈ ਪੁੱਛਦਾ ਹੈ ਕਿਵੇਂ ਹੈ? ਕੀ ਹਾਲਚਾਲ ਹੈ? ਤਾਂ ਹੁਣ ਤੱਕ ਇਹ ਨਹੀਂ ਕਹਿੰਦੇ ਰਹੋ ਕਿ ਪੁਰਸ਼ਾਰਥ ਚਲ ਰਿਹਾ ਹੈ। ਪੁਰਸ਼ਾਰਥ ਤਾਂ ਹੈ ਪਰ ਪੁਰਸ਼ਾਰਥ ਦੀ ਪ੍ਰਾਲਬੱਧ ਹੁਣ ਅਨੁਭਵ ਕਰੋ। ਉਹ ਪ੍ਰਾਲਬੱਧ ਹੈ ਸਰਵਸ਼ਕਤੀ ਸੰਪੰਨ, ਸ੍ਰਵ ਗਿਆਨ ਸੰਪੰਨ, ਸਰਵਵਿਘਣ ਵਿਨਾਸ਼ਕ ਮੂਰਤ, ਇਹ ਹੁਣ ਦੀ ਪ੍ਰਾਲਬੱਧ ਭਵਿੱਖ ਵਿੱਚ ਖੁਦ ਹੀ ਪ੍ਰਾਪਤ ਹੋਵੇਗੀ। ਜਿਵੇਂ ਭਵਿੱਖ ਵਿੱਚ ਸਿਰਫ਼ ਪ੍ਰਲਾਬੱਧ ਹੈ, ਪੁਰਸ਼ਾਰਥ ਸਮਾਪਤ ਹੈ। ਇਵੇਂ ਹੁਣ ਬਾਕੀ ਰਹੇ ਹੋਏ ਸਮੇਂ ਪ੍ਰਾਲਬੱਧ ਸਵਰੂਪ ਦਾ ਵਿਸ਼ੇਸ਼ ਅਨੁਭਵ ਕਰੋ। ਜਦੋਂ ਪ੍ਰਾਲਬੱਧ ਕਹਿੰਦੇ ਹਨ ਤਾਂ ਪੁਰਸ਼ਾਰਥ ਦੀ ਹੀ ਪ੍ਰਾਲਬੱਧ ਹੁੰਦੀ ਹੈ। ਪੁਰਸ਼ਾਰਥ ਕੀਤਾ ਹੈ, ਉਸ ਪੁਰਸ਼ਾਰਥ ਅਨੁਸਾਰ ਹੀ ਪ੍ਰਾਲਬਧ ਦਾ ਅਨੁਭਵ ਕਰ ਸਕਦੇ ਹਨ। ਪਰ ਬਾਪਦਾਦਾ ਬੱਚਿਆਂ ਤੋਂ ਕੀ ਚਾਹੁੰਦੇ ਹਨ? ਪੁੱਛਦੇ ਹੋ ਨਾ ਬਾਪਦਾਦਾ ਸਾਡੇ ਕੋਲੋਂ ਕੀ ਚਾਹੁੰਦੇ ਹੋ? ਤਾਂ ਬਾਪਦਾਦਾ ਇਹ ਹੀ ਚਾਹੁੰਦੇ ਹਨ ਕਿ ਹੁਣ ਥੋੜ੍ਹੇ ਸਮੇਂ ਦੇ ਲਈ ਪੁਰਸ਼ਾਰਥ ਦੇ ਪ੍ਰਾਲਬੱਧ ਸਵਰੂਪ ਬਣ ਜਾਓ। ਬਣ ਸਕਦੇ ਹੋ ਕਿ ਪੁਰਸ਼ਾਰਥ ਕਿ ਮਿਹਨਤ ਚੰਗੀ ਲੱਗਦੀ ਹੈ? ਪ੍ਰਾਲਬੱਧ ਵਾਲੇ ਬਣੋਗੇ? ਹਾਲੇ ਪੁਰਸ਼ਾਰਥ ਕਰ ਰਿਹਾ ਹਾਂ, ਪੁਰਸ਼ਾਰਥ ਹੋ ਜਾਏਗਾ, ਕਰਕੇ ਦਿਖਾਵਾਂਗੇ, ਇਹ ਸ਼ਬਦ ਸਮਾਪਤ ਹੋਵੇ। ਕਰਕੇ ਦਿਖਾਓ ਕੀ, ਦਿਖਾਓ। ਹੋਰ ਕਦੋਂ ਦਿਖਾਓਗੇ? ਕੀ ਵਿਨਾਸ਼ ਦੇ ਸਮੇਂ ਦਿਖਾਓਗੇ? ਇਸਦੀ ਬਹੁਤ ਸਹਿਜ ਵਿਧੀ ਹੈ ਕਿ ਹੁਣ ਮਾਸਟਰ ਦਾਤਾ ਬਣੋ। ਬਾਪ ਤੋਂ ਲਿਆ ਹੈ ਅਤੇ ਲੈਂਦੇ ਵੀ ਰਹੋ ਪਰ ਆਤਮਾਵਾਂ ਤੋਂ ਲੈਣ ਦੀ ਭਾਵਨਾ ਨਹੀਂ ਰੱਖੋ - ਇਹ ਕਰ ਲਈਏ ਤਾਂ ਇਵੇਂ ਹੋਵੇ। ਇਹ ਬਦਲੇ ਤਾਂ ਮੈਂ ਬਦਲਾਂ, ਇਹ

ਲੈਣ ਦੀ ਭਾਵਨਾ ਹੈ। ਇਵੇਂ ਹੋਵੇ ਤਾਂ ਇਵੇਂ ਹੋਵੇ। ਇਹ ਲੈਣ ਦੀਆਂ ਭਾਵਨਾਵਾਂ ਹਨ! ਇਵੇਂ ਹੋਵੇ ਨਹੀਂ। ਇਵੇਂ ਕਰਕੇ ਦਿਖਾਉਣਾ ਹੈ! ਹੋ ਜਾਵੇ ਤਾਂ ਨਹੀਂ, ਪਰ ਹੋਣਾ ਹੀ ਹੈ ਅਤੇ ਮੈਨੂੰ ਕਰਨਾ ਹੈ। ਮੈਨੂੰ ਵਾਈਬ੍ਰੇਸ਼ਨ ਦੇਣਾ ਹੈ। ਮੈਨੂੰ ਰਹਿਮਦਿਲ ਬਣਨਾ ਹੈ। ਮੈਨੂੰ ਗੁਣਾ ਦਾ ਸਹਿਯੋਗ ਦੇਣਾ ਹੈ, ਮੈਨੂੰ ਸ਼ਕਤੀਆਂ ਦਾ ਸਹਿਯੋਗ ਦੇਣਾ ਹੈ। ਮਾਸਟਰ ਦਾਤਾ ਬਣੋ। ਲੈਣਾ ਹੈ ਤਾਂ ਇੱਕ ਬਾਪ ਕੋਲੋਂ ਲਵੋ। ਜੇਕਰ ਹੋਰ ਆਤਮਾਵਾਂ ਤੋਂ ਵੀ ਮਿਲਦਾ ਹੈ ਤਾਂ ਬਾਪ ਦਾ ਦਿੱਤਾ ਹੋਇਆ ਹੀ ਮਿਲੇਗਾ। ਤਾਂ ਦਾਤਾ ਬਣ ਫ਼ਰਾਕਦਿਲ ਬਣੋ। ਦਿੰਦੇ ਰਹੋ, ਦੇਣਾ ਆਉਂਦਾ ਹੈ? ਜਾਂ ਸਿਰਫ ਲੈਣਾ ਆਉਂਦਾ ਹੈ? ਹੁਣ ਤੱਕ ਜੋ ਜਮਾਂ ਕੀਤਾ ਹੈ ਉਹ ਦਵੋ। ਆਪਸ ਵਿੱਚ ਬ੍ਰਾਹਮਣ ਆਤਮਾਵਾਂ ਵੀ ਮਾਸਟਰ ਦਾਤਾ ਬਣੋ। ਹੋਰ ਦੇਣ ਤਾਂ ਮੈਂ ਦੇਵਾਂ , ਨਹੀਂ। ਮੈਨੂੰ ਦੇਣਾ ਹੈ। ਖ਼ਜ਼ਾਨਾ ਹੈ ਤੁਹਾਡੇ ਕੋਲ? ਭਰਪੂਰ ਹੈ? ਗੁਣਾਂ ਨਾਲ ਭਰਪੂਰ ਹੈ? ਸ਼ਕਤੀਆਂ ਨਾਲ ਭਰਪੂਰ ਹੈ? ਹੈ ਤਾਂ ਦਿੰਦੇ ਕਿਉਂ ਨਹੀਂ ਹੋ? ਆਪਣੇ ਲਈ ਛਿਪਾਕੇ ਰੱਖਿਆ ਹੈ ਕੀ? ਜਦੋ ਖਜਾਨਿਆਂ ਨਾਲ ਭਰਪੂਰ ਹੋ ਤਾਂ ਦਿੰਦੇ ਜਾਓ। ਇਹ ਕਿਉਂ ਕਰਦਾ? ਇਹ ਕਿਉਂ ਕਹਿੰਦਾ? ਉਹ ਸੋਚ ਨਹੀਂ ਕਰੋ। ਰਹਿਮਦਿਲ ਬਣ ਆਪਣੇ ਗੁਣਾਂ ਦਾ, ਆਪਣੀ ਸ਼ਕਤੀਆਂ ਦਾ ਸਹਿਯੋਗ ਦਿਓ - ਇਸਨੂੰ ਕਿਹਾ ਜਾਂਦਾ ਹੈ ਮਾਸਟਰ ਦਾਤਾ। ਮਹਾ ਸਹਿਯੋਗੀ। ਸਹਿਯੋਗੀ ਵੀ ਨਹੀਂ, ਮਹਾ ਸਹਿਯੋਗੀ ਬਣੋ। ਮਹਾ ਦਾਤਾ ਬਣੋ। ਤਾਂ ਸਮਝੇ ਬਾਪਦਾਦਾ ਕੀ ਚਾਹੁੰਦਾ ਹੈ?

ਬਾਪਦਾਦਾ ਹੁਣ ਤੱਕ ਬੱਚਿਆਂ ਦੇ ਪੁਰਸ਼ਾਰਥ ਦੀ ਮਿਹਨਤ ਦੇਖ ਨਹੀਂ ਸਕਦੇ। ਡਾਈਮੰਡ ਜੁਬਲੀ ਖ਼ਤਮ ਹੋਈ ਅਤੇ ਡਾਈਮੰਡ ਹਾਲੇ ਤੱਕ ਬੇਦਾਗ ਬਣਨ ਦੇ ਪੁਰਸ਼ਾਰਥ ਵਿੱਚ ਲੱਗੇ ਹੋਏ ਹਨ। ਡਾਇਮੰਡ ਜੁਬਲੀ ਮਤਲਬ ਹਰ ਬ੍ਰਾਹਮਣ ਆਤਮਾ (ਡਾਈਮੰਡ) ਚਮਕਦਾ ਰਹੇ। ਤੁਸੀਂ ਸੋਚੋਂਗੇ ਕਿ ਡਾਈਮੰਡ ਜੁਬਲੀ ਸਾਡੀ ਤਾਂ ਸੀ ਨਹੀਂ, ਉਹ ਤਾਂ ਦਾਦੀਆਂ ਦੀ ਹੋਈ। ਤੁਹਾਡੀ ਹੋਈ ਜਾਂ ਦਾਦੀਆਂ ਦੀ ਹੋਈ, ਕਿਸਦੀ ਹੋਈ? ਯੱਗ ਦੀ ਸਥਾਪਨਾ ਦੇ ਕੰਮ ਦੀ ਡਾਈਮੰਡ ਜੁਬਲੀ। ਸਿਰਫ਼ ਦਾਦੀਆਂ ਦੀ ਨਹੀਂ, ਸਥਾਪਨਾ ਦੇ ਕੰਮ ਦੀ ਡਾਈਮੰਡ ਜੁਬਲੀ। ਤਾਂ ਤੁਸੀਂ ਸਭ ਚਾਹੇ ਦੋ ਸਾਲ ਦੇ ਹੋ, ਭਾਵੇਂ 12 ਸਾਲ ਦੇ ਹੋ ਭਾਵੇਂ 50 ਦੇ ਹੋ, ਪਰ ਸਥਾਪਨਾ ਦੇ ਕੰਮ ਦੇ ਨਿਮਿਤ ਤਾਂ ਹੋ ਨਾ ਜਾਂ ਨਹੀਂ? ਨਿਮਿਤ ਹੋ? ਬ੍ਰਾਹਮਣ ਮਾਨਾ ਹੀ ਬ੍ਰਹਮਾ ਬਾਪ ਦੇ ਨਾਲ ਸਥਾਪਨਾ ਦੇ ਕੰਮ ਦੇ ਨਿਮਿਤ ਆਤਮਾ। ਉਹ ਹੀ ਬ੍ਰਹਮਾਕੁਮਾਰ ਅਤੇ ਬ੍ਰਹਮਾਕੁਮਾਰੀ ਕਹਾ ਸਕਦੇ ਹਨ। ਤਾਂ ਬ੍ਰਹਮਾਕੁਮਾਰ, ਕੁਮਾਰੀ ਸਭ ਹੋ ਜਾਂ ਪੁਰਸ਼ਾਰਥੀ ਕੁਮਾਰ ਕੁਮਾਰੀ ਹੋ? ਕੀ ਹੋ? ਬ੍ਰਹਮਾਕੁਮਾਰ, ਬ੍ਰਹਮਾਕੁਮਾਰੀਆਂ ਮਤਲਬ ਜਨਮ ਲਿਆ ਅਤੇ ਬ੍ਰਹਮਾ ਬਾਪ ਦੇ ਸਾਥੀ ਸਥਾਪਨਾ ਦੇ ਨਿਮਿਤ ਆਤਮਾ ਬਣੇ। ਤਾਂ ਇਵੇਂ ਨਹੀਂ ਸੋਚਨਾ ਅਸੀਂ ਤਾਂ ਹਾਲੇ ਨਵੇਂ ਹਾਂ। ਅਸੀਂ ਤਾਂ ਹਾਲੇ ਛੋਟੇ ਹਾਂ। ਪਰ ਸਮੇਂ ਅਨੁਸਾਰ ਜਦੋਂ ਸਮੇਂ ਸਮਾਪਤੀ ਦੇ ਨਜ਼ਦੀਕ ਹੈ ਤਾਂ ਛੋਟਿਆਂ ਨੂੰ, ਨਵਿਆਂ ਨੂੰ ਇਤਨਾ ਹੀ ਤੀਵਰ ਪੁਰਸ਼ਾਰਥ ਕਰਨਾ ਹੈ, ਜੇਕਰ ਬ੍ਰਾਹਮਣ ਹਨ ਤਾਂ। ਜੇਕਰ ਸ਼ਤ੍ਰੀ ਹਨ ਤਾਂ ਛੁੱਟੀ ਹੈ। ਪਰ ਬ੍ਰਾਹਮਣ ਹਨ ਤਾਂ ਬ੍ਰਾਹਮਣ ਸੋ ਦੇਵਤਾ ਕਿਹਾ ਜਾਂਦਾ ਹੈ। ਸ਼ਤ੍ਰੀ ਸੋ ਦੇਵਤਾ ਨਹੀਂ। ਤਾਂ ਬ੍ਰਾਹਮਣ ਆਤਮਾਵਾਂ ਦੀ ਸਥਾਪਨਾ ਦੇ ਨਿਮਿਤ ਬਣਨਾ ਹੀ ਹੈ। ਹਨ ਹੀ ਨਿਮਿਤ ਇਸਲਈ ਹੁਣ ਮਾਸਟਰ ਦਾਤਾ ਬਣੋ। ਦਾਨ ਨਹੀਂ ਕਰੋ ਪਰ ਸਹਿਯੋਗੀ ਬਣੋ। ਬ੍ਰਾਹਮਣ, ਬ੍ਰਾਹਮਣ ਨੂੰ ਦਾਨ ਨਹੀਂ ਕਰ ਸਕਦਾ, ਸਹਿਯੋਗ ਦੇ ਸਕਦਾ ਹੈ। ਤਾਂ ਕੀ ਕਿਹਾ? ਮਹਾ ਦਾਤਾ ਅਤੇ ਮਹਾ ਸਹਿਯੋਗੀ ਬਣੋ। ਹਾਲੇ ਇੱਕ ਸਾਲ ਵਾਲਾ ਵੀ ਹੈ ਤਾਂ ਵੀ ਸਮੇਂ ਅਨੁਸਾਰ ਹੁਣ ਬਚਪਨ ਦੀਆਂ ਗੱਲਾਂ ਖ਼ਤਮ ਕਰੋ ਕਿਉਂਕਿ ਸਭ ਬੱਚੇ ਵਾਨਪ੍ਰਸਤ ਅਵਸਥਾ ਦੇ ਸਮੀਪ ਹਨ। ਸਮੇਂ ਦੀ ਗਤੀ ਪ੍ਰਮਾਣ, ਡਰਾਮੇ ਦੇ ਨਿਯਮ ਪ੍ਰਮਾਣ ਹੁਣ ਸਭ ਦੀ ਵਾਨਪ੍ਰਸਤ ਅਵਸਥਾ ਸਮੀਪ ਹੈ।

ਬਾਪਦਾਦਾ ਜਾਣਦੇ ਹਨ ਕਿ ਬੱਚਿਆਂ ਦਾ ਬਾਪ ਨਾਲ ਜਿਗਰੀ ਸਨੇਹ ਹੈ। ਜਿਗਰੀ ਸਨੇਹ ਹੈ ਨਾ? ਜਾਂ ਉੱਪਰ -ਉੱਪਰ ਦਾ ਸਨੇਹ ਹੈ? ਦਿਲ ਦਾ ਸਨੇਹ ਹੈ ਤਾਂ ਹੀ ਤੇ ਭੱਜ ਕੇ ਆਏ ਹੋ ਨਾ? ਦੇਖੋ ਬੇਹੱਦ ਦੇ ਹਾਲ ਵਿੱਚ, ਬੇਹੱਦ ਦੇ ਬਾਪ ਦੇ ਬੱਚੇ, ਬੇਹੱਦ ਦੇ ਰੂਪ ਵਿੱਚ ਵਿਰਾਜਮਾਨ ਹਨ। ਇਹ ਹਾਲ ਚੰਗਾ ਲੱਗਦਾ ਹੈ ਨਾ ਜਾਂ ਦੂਰ ਲੱਗਦਾ ਹੈ? ਦੇਖੋ, ਬੈਠਣ ਵਿੱਚ ਤਾਂ ਦੂਰ ਹਨ ਪਰ ਬਾਪਦਾਦਾ ਆਪਣੇ ਦਿਲ ਦੀ ਬਹੁਤ ਵੱਡੀ ਸਕਰੀਨ ਵਿੱਚ ਤੁਸੀਂ ਸਭ ਦੂਰ ਬੈਠੇ ਹੋਏ ਬੱਚਿਆਂ ਨੂੰ ਅਤਿ ਸਮੀਪ ਦੇਖ ਰਹੇ ਹਨ। ਦੂਰ ਨਹੀਂ ਦੇਖ ਰਹੇ ਹਨ। ਬਾਪਦਾਦਾ ਦੇ ਦਿਲ ਦੀ ਸਕਰੀਨ ਬਹੁਤ ਵੱਡੀ ਹੈ। ਹਾਲੇ ਤੱਕ ਸਾਂਇੰਸ ਵਾਲਿਆਂ ਨੇ ਵੀ ਨਹੀਂ ਕੱਢੀ ਹੈ। ਇਸਲਈ ਤੁਸੀਂ ਦੂਰ ਨਹੀਂ ਬੈਠੇ ਹੋ, ਬਾਪਦਾਦਾ ਦੇ ਦਿਲ ਵਿੱਚ ਬੈਠੇ ਹੋ। ਇਵੇਂ ਸਮਝਦੇ ਹੋ? ਕੁਰਸੀ ਤੇ ਬੈਠੇ ਹੋ, ਦਰੀ ਤੇ ਬੈਠੇ ਹੋ ਜਾਂ ਦਿਲ ਵਿਚ ਬੈਠੇ ਹੋ? ਦ੍ਰਿਸ਼ ਤਾਂ ਬਹੁਤ ਸੁੰਦਰ ਲੱਗ ਰਿਹਾ ਹੈ। ਫੁੱਲ ਪਿੱਛੇ ਤੱਕ ਭਰਿਆ ਹੋਇਆ ਹੈ ਜਾਂ ਕੁਝ ਖਾਲੀ ਹੈ? ਬਾਪਦਾਦਾ ਦੇਖ ਰਹੇ ਹਨ ਪਿੱਛੇ ਥੋੜ੍ਹਾ ਖਾਲੀ ਹੈ।

ਦੇਖੋ ਤੁਸੀਂ ਲੋਕਾਂ ਨੂੰ ਬਾਪਦਾਦਾ ਨੇ ਕੰਮ ਦਿੱਤਾ ਸੀ। ਤੁਸੀਂ ਭੁੱਲ ਗਏ ਹੋਵੋਗੇ ਪਰ ਬਾਪਦਾਦਾ ਨੂੰ ਯਾਦ ਹੈ। ਕਿਹੜਾ ਕੰਮ ਦਿੱਤਾ ਸੀ? (ਕ੍ਰੋਧ ਮੁਕਤ ਦਾ) ਅੱਜ ਉਹ ਨਹੀਂ ਪੁੱਛਾਂਗੇ। ਪਹਿਲਾ ਚਾਂਸ ਲਿਆ ਹੈ ਨਾ ਤਾਂ ਅੱਜ ਕ੍ਰੋਧਮੁਕਤ ਦਾ ਪੁੱਛਣਗੇ ਤਾਂ ਦਿਲਸ਼ਿਕਸ਼ਤ ਹੋ ਜਾਣਗੇ। ਬਾਪਦਾਦਾ ਨੂੰ ਰਿਜ਼ਲਟ ਤੇ ਪਤਾ ਹੈ। ਪੁੱਛਣਗੇ। ਤੁਸੀਂ ਲੋਕਾਂ ਕੋਲੋਂ ਵੀ ਉੱਥੇ ਤੋਂ ਰਿਜਲਟ ਮਗਵਾਉਣਗੇ। ਅੱਜ ਛੱਡ ਦਿੰਦੇ ਹਾਂ। ਤਾਂ ਕੰਮ ਦਿੱਤਾ ਸੀ ਕਿ 9 ਲੱਖ ਤਿਆਰ ਕਰਕੇ ਦਿਖਾਓ। ਯਾਦ ਹੈ, ਹਰ ਜ਼ੋਨ ਨੂੰ ਕਿਹਾ ਸੀ। ਤਾਂ ਕਿਸ ਜ਼ੋਨ ਨੇ 9 ਲੱਖ ਤਿਆਰ ਕੀਤੇ ਹਨ?

ਬੰਗਾਲ - ਬਿਹਾਰ ਦਾ ਸੇਵਾ ਦਾ ਟਰਨ ਹੈ। ਤਾਂ ਬੰਗਾਲ - ਬਿਹਾਰ ਨੇ 9 ਲੱਖ ਤਿਆਰ ਕੀਤਾ ਹੈ? ਚੁੱਪ ਹਨ, ਬੋਲਦੇ ਨਹੀਂ ਹਨ। ਚੱਲੋ ਇੱਕ ਜ਼ੋਨ ਨਹੀਂ, ਸਭ ਜ਼ੋਨ ਨਾਲ, ਦੇਸ਼ ਵਿਦੇਸ਼ ਵਾਲਿਆਂ ਨੇ ਮਿਲਕੇ 9 ਲੱਖ ਤਿਆਰ ਕੀਤੇ ਹਨ? ਵਿਦੇਸ਼ ਵਾਲੇ ਦੱਸੋ। 9 ਲੱਖ ਹਨ? ਬਾਪਦਾਦਾ ਤਾਂ ਆਪਣੀ ਡੇਟ ਫਿਕਸ ਕਰਦੇ ਹਨ ਅਤੇ ਉਸੀ ਫਿਕਸ ਡੇਟ ਤੇ ਆਉਂਦੇ ਹਨ। ਤੁਸੀਂ ਵੀ ਸਭ ਗੱਲਾਂ ਦੀ ਡੇਟ ਫਿਕਸ ਕਰਦੇ ਹੋ? ਇਹ ਹਾਲ ਕਦੋਂ ਤੱਕ ਬਣੇਗਾ, ਫੰਕਸ਼ਨ ਕਦੋਂ ਹੋਵੇਗਾ, ਇਹ ਡੇਟ ਫਿਕਸ ਕਰਦੇ ਹੋ ਨਾ? ਤਾਂ ਇਸਦੀ ਡੇਟ ਕਿਹੜੀ ਹੈ?

ਫਿਕਸ ਹੈ? ਵਿਨਾਸ਼ ਦੇ ਏਂਡ (ਅੰਤ) ਵਿੱਚ ਜਾਂ ਪਹਿਲੇ? ਕੀ ਹੋਵੇਗਾ? ਕੀ ਹੋਵੇਗਾ? ਕੀ ਸੋਚਿਆ ਹੈ? ਕਿਹੜਾ ਡੇਟ ਹੈ? ਕੋਈ ਡੇਟ ਹੈ ਜਾਂ ਹਾਲੇ ਫ਼ਿਕਸ ਨਹੀਂ ਕੀਤਾ ਹੈ? ਇਹ ਵੀ ਬਾਪ ਕਰੇ। ਕਰਨਾ ਤੁਹਾਨੂੰ ਹੈ। ਬਾਪਦਾਦਾ ਤਾਂ ਕਹਿਣਗੇ ਕਿ ਸ਼ੁਭ ਕੰਮ ਵਿੱਚ ਦੇਰੀ ਨਹੀਂ ਕਰੋ ਫਿਰ ਕੀ ਕਰੋਂਗੇ? ਚੱਲੋ, ਇਸ ਸੀਜਨ ਦੇ ਅੰਤ ਵਿੱਚ ਹੋ ਜਾਏ ਤਾਂ ਵੀ ਚੰਗਾ। ਇਤਨੀ ਹਿੰਮਤ ਹੈ? ਸਿਰਫ਼ ਦਾਤਾ ਬਣ ਜਾਓ। ਜੇਕਰ ਦਾਤਾ ਬਣੋਗੇ ਤਾਂ ਦਾਤਾ ਦੀ ਭਾਵਨਾ ਨਾਲ ਤੁਹਾਡੀ ਰਾਇਲ ਫ਼ੈਮਿਲੀ ਅਤੇ ਸਮੀਪ ਵਾਲੀ ਪ੍ਰਜਾ ਬਹੁਤ ਜਲਦੀ ਬਣੇਗੀ। ਉਹ ਲੋਕ ਤਾਂ ਇੰਤਜ਼ਾਰ ਕਰ ਰਹੇ ਹਨ, ਸਿਰਫ਼ ਸਦਾ ਦਾਤਾ ਬਣਨ ਦੀ ਦੇਰੀ ਹੈ। ਮਹਾਨ ਸਹਿਯੋਗੀ ਬਣਨ ਦੀ ਦੇਰੀ ਹੈ। ਜ਼ਿਆਦਾ ਖਜ਼ਾਨਾ ਖੁਦ ਪ੍ਰਤੀ ਜਾਂ ਸਿਰਫ਼ ਖੁਦ ਦੀਆਂ ਸੇਵਾਵਾਂ ਦੇ ਪ੍ਰਤੀ ਲਗਾਉਂਦੇ ਹੋ। ਆਪਣੀ - ਆਪਣੀ ਸੇਵਾਵਾਂ ਦੀ ਡਿਊਟੀਜ ਵਿੱਚ ਜ਼ਿਆਦਾ ਸਮਾਂ ਲਗਾਉਂਦੇ ਹੋ। ਮਹਾਨ ਦਾਤਾ ਬਣ, ਬੇਹੱਦ ਦੇ ਦਾਤਾ ਬਣ ਵਰਲਡ ਦੇ ਗੋਲੇ ਤੇ ਖੜੇ ਹੋ, ਬੇਹੱਦ ਦੀ ਸੇਵਾ ਵਿੱਚ ਵਾਈਬ੍ਰੇਸ਼ਨ ਫੈਲਾਓ। ਵਿਸ਼ਵ ਦੇ ਰਾਜਾ ਬਣਨਾ ਹੈ ਜਾਂ ਸਿਰਫ਼ ਜ਼ੋਨ ਦੀਆਂ ਆਪਣੀ - ਆਪਣੀ ਡਿਊਟੀਜ ਦੇ ਸਰਕਲ ਦੇ ਰਾਜਾ ਬਣਨਾ ਹੈ। ਵਿਸ਼ਵ ਕਲਿਆਣਕਾਰੀ ਹੋ। ਹੁਣ ਬੇਹੱਦ ਵਿੱਚ ਜਾਓ। ਬੇਹੱਦ ਵਿੱਚ ਜਾਣ ਨਾਲ ਹੱਦਾਂ ਦੀਆਂ ਗੱਲਾਂ ਖੁਦ ਹੀ ਖ਼ਤਮ ਹੋ ਜਾਣਗੀਆਂ। ਮਨੋਂਬਲ ਬਹੁਤ ਸ਼੍ਰੇਸ਼ਠ ਬਲ ਹੈ, ਉਸ ਨੂੰ ਯੂਜ਼ ਨਹੀਂ ਕਰਦੇ ਹੋ। ਵਾਣੀ, ਸੰਬੰਧ, ਸੰਪਰਕ ਉਸਨਾਲ ਸੇਵਾ ਵਿੱਚ ਬਿਜ਼ੀ ਰਹਿੰਦੇ ਹੋ। ਹੁਣ ਮਨੋਂਬਲ ਨੂੰ ਵਧਾਓ। ਬੇਹੱਦ ਦੀ ਸੇਵਾ ਜੋ ਹਾਲੇ ਤੁਸੀਂ ਵਾਣੀ ਜਾਂ ਸੰਬੰਧ, ਸਹਿਯੋਗ ਨਾਲ ਕਰਦੇ ਹੋ, ਉਹ ਮਨੋਂਬਲ ਨਾਲ ਕਰੋ। ਤਾਂ ਮਨੋਬਲ ਦੀ ਬੇਹੱਦ ਦੀ ਸੇਵਾ ਜੇਕਰ ਤੁਸੀਂ ਬੇਹੱਦ ਦੀ ਵ੍ਰਿਤੀ ਨਾਲ, ਮਨੋਂਬਲ ਦਵਾਰਾ ਵਿਸ਼ਵ ਦੇ ਗੋਲੇ ਦੇ ਉੱਪਰ ਉੱਚ ਸਥਿਤ ਹੋ, ਬਾਪ ਦੇ ਨਾਲ ਪਰਮਧਾਮ ਦੀ ਸਥਿਤੀ ਵਿੱਚ ਸਥਿਤ ਹੋ ਥੋੜ੍ਹਾ ਸਮਾਂ ਵੀ ਇਹ ਸੇਵਾ ਕੀਤੀ ਤਾਂ ਤੁਹਾਨੂੰ ਉਸਦੀ ਪ੍ਰਾਲਬੱਧ ਕਈ ਗੁਣਾ ਜ਼ਿਆਦਾ ਮਿਲੇਗੀ।

ਅੱਜਕਲ ਦੇ ਸਮੇਂ ਅਤੇ ਸਰਕਮਸਟਾਨਸ਼ ਦੇ ਪ੍ਰਮਾਣ ਅੰਤਿਮ ਸੇਵਾ ਇਹ ਹੀ ਮਨਸਾ ਅਤੇ ਮਨੋਂਬਲ ਦੀ ਸੇਵਾ ਹੈ। ਇਸਦਾ ਅਭਿਆਸ ਹੁਣ ਤੋਂ ਕਰੋ। ਭਾਵੇਂ ਵਾਨੀ ਦਵਾਰਾ ਜਾਂ ਸੰਬੰਧ ਸੰਪਰਕ ਦਵਾਰਾ ਸੇਵਾ ਕਰਦੇ ਹੋ ਪਰ ਹੁਣ ਇਸ ਮਨਸਾ ਸੇਵਾ ਦਾ ਅਭਿਆਸ ਅਤਿ ਜਰੂਰੀ ਹੈ, ਨਾਲ -ਨਾਲ ਅਭਿਆਸ ਕਰਦੇ ਚੱਲੋ। ਸਮਝਾ ਕੀ ਕਰਨਾ ਹੈ? ਇਹ ਮਨਸਾ ਸੇਵਾ ਉਹ ਹੀ ਰੰਗਤ ਦਿਖਾਏਗੀ ਜੋ ਸਥਾਪਨਾ ਦੇ ਆਦਿ ਵਿਚ ਬਾਪ ਦੀ ਮਨਸਾ ਦਵਾਰਾ ਰੂਹਾਨੀ ਆਕਰਸ਼ਣ ਨੇ ਬੱਚਿਆਂ ਨੂੰ ਅਕਰਸ਼ਿਤ ਕੀਤਾ। ਅਤੇ ਮਨਸਾ ਸੇਵਾ ਦੇ ਫਲਸਵਰੂਪ ਹਾਲੇ ਵੀ ਦੇਖ ਰਹੇ ਹੋ ਕਿ ਉਹ ਹੀ ਆਤਮਾਵਾਂ ਹੁਣ ਵੀ ਫਾਊਂਡੇਸ਼ਨ ਹੈ। ਡਰਾਮੇ ਅਨੁਸਾਰ ਇਹ ਬਾਪ ਦੀ ਮਨਸਾ ਆਕਰਸ਼ਣ ਦਾ ਸਬੂਤ ਹੈ ਜੋ ਕਿੰਨੇ ਪੱਕੇ ਹਨ। ਤਾਂ ਅੰਤ ਵਿੱਚ ਵੀ ਹਾਲੇ ਬਾਪ ਦੇ ਨਾਲ ਤੁਹਾਡੀ ਵੀ ਮਨਸਾ ਆਕਰਸ਼ਣ, ਰੂਹਾਨੀ ਆਕਰਸ਼ਣ ਨਾਲ ਜੋ ਆਤਮਾਵਾਂ ਆਉਣਗੀਆਂ ਉਹ ਸਮੇਂ ਅਨੁਸਾਰ ਸਮੇਂ ਦੀ ਕਮੀ, ਮਿਹਨਤ ਘੱਟ ਅਤੇ ਬ੍ਰਾਹਮਣ ਪਰਿਵਾਰ ਵਿੱਚ ਵ੍ਰਿਧੀ ਕਰਨ ਦੇ ਨਿਮਿਤ ਬਣਨਗੀਆਂ। ਉਹ ਹੀ ਪਹਿਲੇ ਵਾਲੀ ਰੰਗਤ ਅੰਤ ਵਿੱਚ ਦੇਖਣਗੇ। ਜਿਵੇਂ ਆਦਿ ਵਿੱਚ ਬ੍ਰਾਹਮਣ ਬਾਪ ਨੂੰ ਸਾਧਾਰਨ ਨਾ ਦੇਖ ਸ਼੍ਰੀਕ੍ਰਿਸ਼ਨ ਦੇ ਰੂਪ ਵਿੱਚ ਅਨੁਭਵ ਕਰਦੇ ਸੀ। ਸਾਕਸ਼ਾਤਕਾਰ ਵੱਖ ਚੀਜ਼ ਹੈ ਪਰ ਸਾਕਸ਼ਾਤ ਸਵਰੂਪ ਵਿੱਚ ਸ਼੍ਰੀਕ੍ਰਿਸ਼ਨ ਹੀ ਦੇਖਦੇ, ਖਾਂਦੇ - ਪੀਂਦੇ ਚੱਲਦੇ ਸਨ। ਇਵੇਂ ਹਨ ਨਾ? ਤਾਂ ਸਥਾਪਨਾ ਵਿੱਚ ਇੱਕ ਬਾਪ ਨੇ ਕੀਤਾ, ਅੰਤ ਵਿੱਚ ਤੁਸੀਂ ਬੱਚੇ ਵੀ ਆਤਮਾਵਾਂ ਦੇ ਅੱਗੇ ਸਾਕਸ਼ਾਤ ਦੇਵੀ - ਦੇਵਤਾ ਦਿਖਾਈ ਦੇਵੋਗੇ। ਉਹ ਸਮਝਣਗੇ ਹੀ ਨਹੀਂ ਕਿ ਇਹ ਕੋਈ ਸਾਧਾਰਨ ਹੈ। ਉਹ ਹੀ ਪੂਜਯਪਨ ਦਾ ਪ੍ਰਭਾਵ ਅਨੁਭਵ ਕਰਨਗੇ, ਤਾਂ ਹੀ ਬਾਪ ਸਹਿਤ ਤੁਸੀਂ ਸਭ ਦੀ ਪ੍ਰਤਖਤਾ ਦਾ ਪਰਦਾ ਖੁੱਲ੍ਹੇਗਾ। ਹਾਲੇ ਇਕੱਲੇ ਬਾਪ ਨੂੰ ਨਹੀਂ ਕਰਨਾ ਹੈ। ਬੱਚਿਆਂ ਦੇ ਨਾਲ ਪ੍ਰਤਖ ਹੋਣਾ ਹੈ। ਜਿਵੇਂ ਸਥਾਪਨਾ ਵਿੱਚ ਬ੍ਰਹਮਾ ਦੇ ਨਾਲ ਵਿਸ਼ੇਸ਼ ਬ੍ਰਾਹਮਣ ਵੀ ਸਥਾਪਨਾ ਦੇ ਨਿਮਿਤ ਬਣੇ, ਇਵੇਂ ਸਮਾਪਤੀ ਦੇ ਸਮੇਂ ਵੀ ਬਾਪ ਦੇ ਨਾਲ - ਨਾਲ ਅੰਨਨਯ ਬੱਚੇ ਵੀ ਦੇਵ ਰੂਪ ਵਿੱਚ ਸਾਕਸ਼ਾਤ ਅਨੁਭਵ ਹੋਣਗੇ। ਇਸਦੇ ਲਈ ਇਹ ਜੋ ਅੱਜ ਸੁਣਾਇਆ, ਹੁਣ ਤੋਂ ਪ੍ਰਾਲਬੱਧ ਸਵਰੂਪ ਵਿੱਚ ਸਥਿਤ ਰਹੋ। ਛੱਡੋ ਛੋਟੀਆਂ - ਛੋਟੀਆਂ ਗੱਲਾਂ ਨੂੰ, ਹੁਣ ਉੱਚ ਜਾਓ। ਵਿਸ਼ੇਸ਼ ਪ੍ਰਾਲਬੱਧ ਸਵਰੂਪ ਦਾ ਸਾਕਸ਼ਾਤਕਾਰ ਖੁਦ ਵੀ ਕਰੋ ਅਤੇ ਕਰਾਓ। ਸਮਝਾ। ਹਾਲੇ ਸਭ ਆਪਣੇ ਅਨਾਦਿ ਸਵਰੂਪ ਵਿੱਚ ਇੱਕ ਸੈਕਿੰਡ ਵਿੱਚ ਸਥਿਤ ਹੋ ਸਕਦੇ ਹੋ? ਕਿਉਂਕਿ ਅੰਤ ਵਿੱਚ ਇੱਕ ਸੈਕਿੰਡ ਦੀ ਹੀ ਸੀਟੀ ਵੱਜਣ ਵਾਲੀ ਹੈ। ਤਾਂ ਹੁਣ ਤੋਂ ਹੀ ਅਭਿਆਸ ਕਰੋ। ਬਸ ਟਿਕ ਜਾਓ (ਡ੍ਰਿਲ ਕਰਾਈ) ਅੱਛਾ।

ਸਾਰੇ ਚਾਰੋਂ ਪਾਸੇ ਦੇ ਬੱਚਿਆਂ ਨੂੰ ਸਦਾ ਭਾਗ ਦੀਆਂ ਰੇਖਾਵਾਂ ਇਮਰਜ਼ ਰੂਪ ਵਿੱਚ ਸਮ੍ਰਿਤੀ ਵਿੱਚ ਰੱਖਣ ਵਾਲੀਆਂ ਆਤਮਾਵਾਂ ਨੂੰ, ਸਦਾ ਆਪਣੇ ਸੰਗਮਯੁਗੀ ਸਰਵ ਪ੍ਰਾਪਤੀ ਸਵਰੂਪ ਪ੍ਰਾਲਬੱਧ ਨੂੰ ਅਨੁਭਵ ਕਰਨ ਵਾਲੇ, ਸਦਾ ਮਾਸਟਰ ਦਾਤਾ, ਮਹਾ ਸਹਿਯੋਗੀ ਆਤਮਾਵਾਂ ਨੂੰ, ਸਦਾ ਮਨਸਾ ਸੇਵਾ ਦਵਾਰਾ ਵਿਸ਼ਵ ਦੀਆਂ ਆਤਮਾਵਾਂ ਦੇ ਕਲਿਆਣਕਾਰੀ ਆਤਮਾਵਾਂ ਨੂੰ ਬਾਪਦਾਦਾ ਦਾ ਯਾਦਪਿਆਰ ਅਤੇ ਨਮਸਤੇ।

ਵਰਦਾਨ:- ਕਰਮਯੋਗ ਦੀ ਸਟੇਜ਼ ਦਵਾਰਾ ਕਰਮਭੋਗ ਤੇ ਵਿਜੇ ਪ੍ਰਾਪਤ ਕਰਨ ਵਾਲੇ ਵਿਜਈ ਰਤਨ ਭਵ

ਕਰਮਯੋਗੀ ਬਣਨ ਨਾਲ ਸ਼ਰੀਰ ਦਾ ਕੋਈ ਕਰਮਭੋਗ ਭੋਗਨਾ ਦਾ ਅਨੁਭਵ ਨਹੀਂ ਕਰਾਉਂਦਾ ਹੈ। ਮਨ ਵਿੱਚ ਕੋਈ ਰੋਗੀ ਹੋਵੇਗਾ ਤਾਂ ਰੋਗੀ ਕਿਹਾ ਜਾਏਗਾ, ਜੇਕਰ ਮਨ ਨਿਰੋਗੀ ਹੈ ਤਾਂ ਸਦਾ ਤੰਦਰੁਸਤ ਹੈ। ਸਿਰਫ਼ ਸ਼ੇਸ਼ ਸ਼ਯੀਆ ਤੇ ਵਿਸ਼ਨੂੰ ਦੇ ਸਮਾਨ ਗਿਆਨ ਦਾ ਸਿਮਰਨ ਕਰ ਹਰਸ਼ਿਤ ਹੁੰਦੇ, ਮੰਨਨ ਸ਼ਕਤੀ ਦਵਾਰਾ ਹੋਰ ਹੀ ਸਾਗਰ ਦੇ ਤਲੇ ਵਿੱਚ ਜਾਣ ਦਾ ਚਾਂਸ ਮਿਲਦਾ ਹੈ। ਅਜਿਹੇ ਕਰਮਯੋਗੀ ਹੀ ਕਰਮਭੋਗ ਤੇ ਵਿਜੇ ਪ੍ਰਾਪਤ ਕਰ ਵਿਜੇਈ ਰਤਨ ਬਣਦੇ ਹਨ।

ਸਲੋਗਨ:- ਸਾਹਿਬ ਨੂੰ ਸਾਥੀ ਬਣਾ ਲਵੋ ਤਾਂ ਹਰ ਕਰਮ ਵਿੱਚ ਸਫ਼ਲਤਾ ਮਿਲਦੀ ਰਹੇਗੀ।

******